# ਭਾਰਤ ਗਲੋਬਲ ਕਰਾਈਸਿਸ ਰਿਸਪਾਂਸ ਗਰੁੱਪ ਦੇ ਚੈਂਪੀਅਨਜ਼ ਗਰੁੱਪ ਵਿੱਚ ਸ਼ਾਮਲ ਹੋਇਆ

07 ਜੂਨ, 2023

ਭਾਰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ (ਯੂਐੱਨਐੱਸਜੀ) ਐਂਟੋਨੀਓ ਗੁਟੇਰੇਸ ਦੇ ਸੱਦੇ ਨੂੰ ਸਵੀਕਾਰ ਕਰਦੇ ਹੋਏ ਗਲੋਬਲ ਕਰਾਈਸਿਸ ਰਿਸਪਾਂਸ ਗਰੁੱਪ (ਜੀਸੀਆਰਜੀ) ਦੇ ਚੈਂਪੀਅਨਜ਼ ਗਰੁੱਪ ਵਿੱਚ ਸ਼ਾਮਲ ਹੋ ਗਿਆ ਹੈ।

ਗਲੋਬਲ ਕਰਾਈਸਿਸ ਰਿਸਪਾਂਸ ਗਰੁੱਪ (ਜੀਸੀਆਰਜੀ) ਦੀ ਸਥਾਪਨਾ ਯੂਐੱਨਐੱਸਜੀ ਦੁਆਰਾ ਮਾਰਚ 2022 ਵਿੱਚ ਖੁਰਾਕ ਸੁਰੱਖਿਆ, ਊਰਜਾ ਅਤੇ ਵਿੱਤ ਸਬੰਧੀ ਆਪਸੀ ਜੁੜੇ ਹੋਏ ਸੰਕਟਾਂ ਨਾਲ ਸਬੰਧਤ ਜ਼ਰੂਰੀ ਅਤੇ ਨਾਜ਼ੁਕ ਆਲਮੀ ਮੁੱਦਿਆਂ ਨੂੰ ਹੱਲ ਕਰਨ ਅਤੇ ਇੱਕ ਵਿਸ਼ਵਵਿਆਪੀ ਪ੍ਰਤੀਕ੍ਰਿਆ ਵਿੱਚ ਤਾਲਮੇਲ ਕਰਨ ਸਬੰਧੀ ਕੀਤੀ ਗਈ ਸੀ। ਜੀਸੀਆਰਜੀ ਦੀ ਨਿਗਰਾਨੀ ਚੈਂਪੀਅਨਜ਼ ਗਰੁੱਪ ਦੁਆਰਾ ਕੀਤੀ ਜਾਂਦੀ ਹੈ ਜਿਸ ਵਿੱਚ ਬੰਗਲਾਦੇਸ਼, ਬਾਰਬਾਡੋਸ, ਡੈਨਮਾਰਕ, ਜਰਮਨੀ, ਇੰਡੋਨੇਸ਼ੀਆ ਅਤੇ ਸੇਨੇਗਲ ਦੇ ਐਚਓਐੱਸ/ਐਚਓਜੀ ਸ਼ਾਮਲ ਹਨ।

ਗਰੁੱਪ ਵਿੱਚ ਸ਼ਾਮਲ ਹੋਣ ਦਾ ਫੈਸਲਾ ਭਾਰਤ ਦੀ ਵਧ ਰਹੀ ਗਲੋਬਲ ਲੀਡਰਸ਼ਿਪ ਸਮੇਤ ਸਮਕਾਲੀ ਗਲੋਬਲ ਚੁਣੌਤੀਆਂ ਨੂੰ ਹੱਲ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਭਾਰਤ ਦੀ ਭਾਗੀਦਾਰੀ ਵਿਸ਼ਵ, ਖਾਸ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਨੂੰ ਪ੍ਰਭਾਵਿਤ ਕਰਨ ਵਾਲੇ ਵਿਕਾਸ ਸੰਬੰਧੀ ਮੁੱਦਿਆਂ 'ਤੇ ਨਤੀਜਾ-ਮੁਖੀ ਹੱਲ ਲੱਭਣ ਵਿੱਚ ਸੰਯੁਕਤ ਰਾਸ਼ਟਰ ਦੇ ਯਤਨਾਂ ਨੂੰ ਹੋਰ ਹੁਲਾਰਾ ਦੇਵੇਗੀ।

ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮ) ਸ਼੍ਰੀ ਸੰਜੇ ਵਰਮਾ ਨੂੰ ਜੀਸੀਆਰਜੀ ਪ੍ਰਕਿਰਿਆ ਲਈ ਸ਼ੇਰਪਾ ਵਜੋਂ ਨਿਯੁਕਤ ਕੀਤਾ ਗਿਆ ਹੈ। ਸ਼ੇਰਪਾ ਅੱਜ ਵਿਰਚੁਅਲੀ ਮੀਟਿੰਗ ਕਰਨਗੇ ਜਦਕਿ ਬਾਅਦ ਵਿੱਚ ਚੈਂਪੀਅਨਜ਼ ਦੀ 21 ਜੁਲਾਈ 2023 ਨੂੰ ਅਸਲ ਮੀਟਿੰਗ ਹੋਣੀ ਹੈ।

**ਨਵੀਂ ਦਿੱਲੀ**
**07 ਜੂਨ, 2023**